# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :01-02-2026**

**<u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>**

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਜਲੰਧਰ 'ਚ ਸੰਤ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਸਮਾਰੋਹ 'ਚ ਸ਼ਿਰਕਤ ਕੀਤੀ - ਉਨ੍ਹਾਂ ਆਦਮਪੁਰ ਹਵਾਈ ਅੱਡੇ ਦਾ ਨਵਾਂ ਨਾਂ, ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਆਦਮਪੁਰ ਹਵਾਈ ਅੱਡਾ ਰੱਖਿਆ - ਲੁਧਿਆਣਾ ਵਿੱਚ, ਹਲਵਾਰਾ ਹਵਾਈ ਅੱਡੇ ਦੀ ਟਰਮੀਨਲ ਇਮਾਰਤ ਦਾ ਵੀ ਕੀਤਾ ਉਦਘਾਟਨ ।

- ਪੰਜਾਬ ਸਮੇਤ ਦੇਸ਼ ਭਰ ਵਿੱਚ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਏ ।

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ ਕੇਂਦਰੀ ਬਜਟ 2026-27 ਪੇਸ਼ ਕੀਤਾ -ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਬਜਟ 2026-2027 ਨੂੰ ਇਤਿਹਾਸਕ ਦੱਸਿਆ।

- ਵੱਖ ਵੱਖ ਵਰਗਾਂ ਨੇ ਬਜਟ ਨੂੰ ਉਸਾਰੂ ਦੱਸਦਿਆਂ ਇਸ ਦਾ ਸੁਆਗਤ ਕੀਤਾ ।

- ਔਰਤਾਂ ਦੇ ਪ੍ਰੀਮੀਅਰ ਲੀਗ ਕ੍ਰਿਕੇਟ ਵਿੱਚ, ਅੱਜ ਵਡੋਦਰਾ ਵਿੱਚ ਸ਼ਾਮੀਂ ਸਾਢੇ 7 ਵਜੇ ਦਿੱਲੀ ਕੈਪੀਟਲਜ਼ ਦਾ ਮੁਕਾਬਲਾ ਯੂ.ਪੀ ਵਾਰੀਅਰਜ਼ ਨਾਲ ਹੋਵੇਗਾ।

## ਹੁਣ ਖਬਰਾਂ ਵਿਸਥਾਰ ਨਾਲ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅੱਜ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਵਿਖੇ ਮਨਾਏ ਜਾ ਰਹੇ ਸੰਤ ਗੁਰੂ ਰਵਿਦਾਸ ਜੀ ਦੇ 649ਵੇਂ ਪ੍ਰਕਾਸ਼

ਪੁਰਬ ਸਮਾਰੋਹ ਵਿੱਚ ਸ਼ਾਮਿਲ ਹੋਏ। ਸਾਡੇ ਜਲੰਧਰ ਵਾਲੇ ਪੱਤਰਕਾਰ ਨੇ ਦਸਿਆ ਏ ਕਿ ਕਿ ਡੇਰੇ ਪਹੁੰਚਣ ਤੋਂ ਪਹਿਲਾਂ, ਪ੍ਰਧਾਨ ਮੰਤਰੀ ਨੇ ਆਦਮਪੁਰ ਹਵਾਈ ਅੱਡੇ ਦਾ ਨਵਾਂ ਨਾਮ, ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਹਵਾਈ ਅੱਡਾ, ਆਦਮਪੁਰ ਰੱਖਿਆ ਏ। ਉਨ੍ਹਾਂ ਨੇ ਲੁਧਿਆਣਾ ਵਿੱਚ ਹਲਵਾਰਾ ਹਵਾਈ ਅੱਡੇ ਦੀ ਟਰਮੀਨਲ ਇਮਾਰਤ ਦਾ ਵਰਚੁਅਲ ਉਦਘਾਟਨ ਵੀ ਕੀਤਾ । ਇਹ ਹਵਾਈ ਅੱਡਾ ਸੂਬੇ ਲਈ ਖਾਸ ਕਰਕੇ ਲੁਧਿਆਣਾ ਉਦਯੋਗ ਲਈ ਇੱਕ ਨਵਾਂ ਪ੍ਰਵੇਸ਼ ਦਵਾਰ ਸਥਾਪਤ ਕਰੇਗਾ। ਇਸ ਮਗਰੋਂ ਪ੍ਰਧਾਨ ਮੰਤਰੀ ਨੇ ਜਲੰਧਰ ਦੇ ਡੇਰਾ ਸੱਚਖੰਡ ਬੱਲਾਂ ਵਿਖੇ ਪਹੁੰਚਣ ਤੋਂ ਬਾਅਦ, ਡੇਰੇ ਦੀ ਪਰਿਕਰਮਾ ਕੀਤੀ ਅਤੇ ਸੰਤ ਨਿਰੰਜਨ ਦਾਸ ਮਹਾਰਾਜ ਜੀ ਨੂੰ ਸਤਿਕਾਰ ਵਜੋਂ ਮੱਥਾ ਟੇਕਿਆ। ਡੇਰੇ ਵਿਖੇ ਸਨਮਾਨਿਤ ਕੀਤੇ ਜਾਣ ਦੌਰਾਨ, ਸ੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਦਾ ਕਾਸ਼ੀ ਨਾਲ ਨਿੱਜੀ ਸਬੰਧ ਏ ਜਿੱਥੇ ਗੁਰੂ ਰਵਿਦਾਸ ਜੀ ਦਾ ਜਨਮ 600 ਸਾਲ ਪਹਿਲਾਂ ਹੋਇਆ ਸੀ। ਸ੍ਰੀ ਮੋਦੀ ਨੇ ਕਿਹਾ ਕਿ ਉਹ ਡੇਰੇ ਦੇ ਰਿਣੀ ਨੇ ਜਿਨ੍ਹਾਂ ਨੇ ਹਾਲ ਹੀ ਵਿੱਚ ਉਨ੍ਹਾਂ ਦੇ ਜਨਮ ਦਿਨ 'ਤੇ ਡੇਰੇ ਵਿੱਚ 'ਅਰਦਾਸ' ਕੀਤੀ। ਉਨ੍ਹਾਂ ਇਸ ਲਈ ਡੇਰੇ ਦਾ ਧੰਨਵਾਦ ਕੀਤਾ।

ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਨੇ ਕਿਹਾ

BYTE

ਉਨ੍ਹਾਂ ਕਿਹਾ ਕਿ ਭਾਰਤ 2047 ਤੱਕ ਵਿਕਸਤ ਭਾਰਤ ਦਾ ਟੀਚਾ ਪ੍ਰਾਪਤ ਕਰ ਲਵੇਗਾ।

BYTE

---------------------------------------------------------------

ਹਵਾਈ ਅੱਡੇ ਦੇ ਉਦਘਾਟਨ 'ਤੇ ਖੁਸ਼ੀ ਸਾਂਝੀ ਕਰਦਿਆਂ, ਲੁਧਿਆਣਾ ਦੇ ਸਨਅਤਕਾਰਾ ਨੇ ਪ੍ਰਧਾਨ ਮੰਤਰੀ ਦਾ ਧੰਨਵਾਦ ਕੀਤਾ ਏ। ਲੁਧਿਆਣਾ ਵਾਸੀ ਅਮਰਵੀਰ ਸਿੰਘ ਨੇ ਕਿਹਾ ।

BYTE

---------------------------------------------------------------

ਪੰਜਾਬ ਸਮੇਤ ਦੇਸ਼ ਭਰ ਵਿੱਚ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਏ।    ਏਧਰ ਪੰਜਾਬ ਦੇ ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਸੰਤ ਰਵੀਦਾਸ ਜੀ ਦੇ ਜਨਮ ਦਿਵਸ 'ਤੇ, ਸ਼ੁਭ ਕਾਮਨਾਵਾਂ ਦਿਤੀਆਂ ਨੇ।

---------------------------------------------------

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤਸਰ ਸਥਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਵਿੰਦਰ ਸਿੰਘ ਦੇ ਜਥੇ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ ਅਤੇ ਭਗਤ ਰਵਿਦਾਸ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਵਿਚਾਰਧਾਰਾ ਬਾਰੇ ਵਿਚਾਰ ਸਾਂਝੇ ਕੀਤੇ।  ਇਸੇ ਤਰਾਂ ਸੂਬੇ ਭਰ ਵਿੱਚ ਵੱਖ-ਵੱਖ ਥਾਵਾਂ 'ਤੇ ਸ਼ੋਭਾ ਯਾਤਰਾਵਾਂ ਅਤੇ ਨਗਰ ਕੀਰਤਨ ਸਜਾਏ ਗਏ ।

---------------------------------------------------

ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ ਮਾਲੀ ਸਾਲ 2026-27 ਲਈ ਬਜਟ ਪੇਸ਼ ਕੀਤਾ। ਇਹ ਉਨ੍ਹਾਂ ਦਾ ਰਿਕਾਰਡ ਨੌਵਾਂ ਬਜਟ ਏ । ਮਾਘ ਪੂਰਨਮਾਸ਼ੀ ਦੇ ਸ਼ੁਭ ਮੌਕੇ ਅਤੇ ਗੁਰੂ ਰਵਿਦਾਸ ਜੀ ਦੀ ਜਨਮ ਸ਼ਤਾਬਦੀ ਦਾ ਹਵਾਲਾ ਦਿੰਦਿਆਂ, ਖਜ਼ਾਨਾ ਮੰਤਰੀ ਨੇ

ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ, ਸਰਕਾਰ ਨੇ ਹਮੇਸ਼ਾ ਸੁਧਾਰਾਂ ਅਤੇ ਲੋਕ ਭਲਾਈ ਨੂੰ ਤਰਜੀਹ ਦਿੱਤੀ ਏ । ਆਤਮ-ਨਿਰਭਰ ਭਾਰਤ ਦੇ ਟੀਚੇ  ਨਾਲ, ਢਾਂਚਾਗਤ ਸੁਧਾਰਾਂ, ਮਾਲੀ ਸੂਝ-ਬੂਝ ਅਤੇ ਮੁਦਰਾ ਸਥਿਰਤਾ ਨੂੰ ਅੱਗੇ ਵਧਾਇਆ ਗਿਆ ਏ , ਜਿਸ ਵਿੱਚ ਜਨਤਕ ਨਿਵੇਸ਼ 'ਤੇ ਵਧੇਰੇ ਜ਼ੋਰ ਦਿੱਤਾ ਗਿਆ ਏ । ਬਜਟ 2026-27 ਖਾਸ ਤੌਰ 'ਤੇ ਸਮਰੱਥਾ ਨਿਰਮਾਣ ਅਤੇ ਸੁਧਾਰਾਂ 'ਤੇ ਕੇਂਦ੍ਰਿਤ ਏ । ਖਜ਼ਾਨਾ ਮੰਤਰੀ ਨੇ ਇਸਨੂੰ ਯੁਵਾ-ਸੰਚਾਲਿਤ ਬਜਟ ਕਿਹਾ । ਓਹਨਾਂ ਨੇ ਦੁਨੀਆ ਦੀਆਂ ਸਭ ਤੋਂ ਵੱਡੀਆਂ ਆਰਥਿਕਤਾਵਾਂ ਵਿੱਚੋਂ ਇੱਕ ਬਣਨ ਦੇ ਭਾਰਤ ਦੇ ਯਤਨਾਂ ਵਿੱਚ ਮਜ਼ਬੂਤ ਹਮਾਇਤ ਲਈ ਨਾਗਰਿਕਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬਜਟ ਆਰਥਿਕ ਵਿਕਾਸ ਨੂੰ ਤੇਜ਼ ਕਰਨ, ਸਮਰੱਥਾ ਨਿਰਮਾਣ ਲਈ ਨਾਗਰਿਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨ, ਅਤੇ ਸਬਕਾ ਸਾਥ, ਸਬਕਾ ਵਿਕਾਸ ਦੇ ਤਿੰਨ-ਪੱਖੀ ਉਦੇਸ਼ਾਂ ਤੋਂ ਪ੍ਰੇਰਿਤ ਏ । ਖਜ਼ਾਨਾ ਮੰਤਰੀ ਨੇ ਕਿਹਾ ਕਿ ਵਿਕਾਸ ਦੇ ਲਾਭ ਹਰੇਕ ਕਿਸਾਨ, ਪੱਟੀਦਰਜ ਜਾਤਾਂ, ਪੱਟੀਦਰਜ ਕਬੀਲਿਆਂ, ਨੌਜਵਾਨ, ਗਰੀਬ ਅਤੇ ਔਰਤਾਂ ਤੱਕ ਪਹੁੰਚਣੇ ਚਾਹੀਦੇ ਏ. ਸਰਕਾਰ ਦੀ ਵਚਨਬੱਧਤਾ

ਸ਼ੋਸ਼ਿਤ ਅਤੇ ਵਾਂਝੇ ਲੋਕਾਂ 'ਤੇ ਧਿਆਨ ਕੇਂਦਰਿਤ ਕਰਨਾ ਏ । ਖਜ਼ਾਨਾ ਮੰਤਰੀ ਨੇ ਛੇ ਖੇਤਰਾਂ ਵਿੱਚ ਨਵੀਆਂ ਪਹਿਲਕਦਮੀਆਂ ਦੀ ਤਜਵੀਜ਼ ਰਖੀ. ਇਨ੍ਹਾਂ ਵਿੱਚ ਰਣਨੀਤਕ ਖੇਤਰਾਂ ਵਿੱਚ ਨਿਰਮਾਣ ਨੂੰ ਤੇਜ਼ ਕਰਨਾ, ਸਨਅਤੀ ਖੇਤਰਾਂ ਨੂੰ ਮੁੜ ਸੁਰਜੀਤ ਕਰਨਾ, ਸੂਖਮ, ਛੋਟੇ ਅਤੇ ਦਰਮਿਆਨੇ ਚੈਂਪੀਅਨ ਉੱਦਮ ਬਣਾਉਣਾ, ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ, ਲੰਮੇ ਸਮੇਂ ਦੀ ਊਰਜਾ ਸੁਰੱਖਿਆ ਅਤੇ ਸਥਿਰਤਾ ਨੂੰ ਯਕੀਨੀ ਬਣਾਉਣਾ, ਅਤੇ ਸ਼ਹਿਰੀ ਆਰਥਿਕ ਖੇਤਰਾਂ ਦਾ ਵਿਕਾਸ ਕਰਨਾ ਸ਼ਾਮਲ ਏ । ਖਜ਼ਾਨਾ ਮੰਤਰੀ ਨੇ ਭਾਰਤ ਨੂੰ ਇੱਕ ਆਲਮੀ ਬਾਇਓ-ਫਾਰਮਾਸਿਊਟੀਕਲ ਨਿਰਮਾਣ ਕੇਂਦਰ ਵਜੋਂ ਵਿਕਸਿਤ ਕਰਨ ਲਈ ਅਗਲੇ ਪੰਜ ਸਾਲਾਂ ਵਿੱਚ 10, ਹਜ਼ਾਰ ਕਰੋੜ ਦੇ ਖਰਚ ਦੀ ਤਜਵੀਜ਼ ਰਖੀ. ਦੇਸ਼ ਦੀਆਂ ਸੈਮੀਕੰਡਕਟਰ ਸਮਰੱਥਾਵਾਂ ਦਾ ਪਸਾਰ ਕਰਨ ਵਾਲੇ ਇੰਡੀਆ ਸੈਮੀਕੰਡਕਟਰ ਮਿਸ਼ਨ ਦੇ ਪਹਿਲੇ ਪੜਾਅ ਤੋਂ ਅੱਗੇ ਵਧਦਿਆਂ ਦੂਜੇ ਗੇੜ ਨੂੰ ਸ਼ੁਰੂ ਕਰਨ ਦੀ ਤਜਵੀਜ਼ ਏ. ਭਾਰਤ ਨੂੰ ਖੇਡਾਂ ਦੇ ਉੱਚ-ਗੁਣਵੱਤਾ ਅਤੇ ਕਿਫਾਇਤੀ ਸਮਾਨ ਲਈ ਇੱਕ ਆਲਮੀ ਕੇਂਦਰ ਬਣਾਉਣ ਲਈ, ਖਜ਼ਾਨਾ ਮੰਤਰੀ ਨੇ ਨਿਰਮਾਣ, ਖੋਜ ਅਤੇ ਕਾਢਾਂ ਨੂੰ ਉਤਸ਼ਾਹਿਤ

ਕਰਨ ਲਈ ਇੱਕ ਪਹਿਲਕਦਮੀ ਦੀ ਤਜਵੀਜ਼ ਕੀਤੀ. ਬਜਟ 2026-27 ਵਿੱਚ 200 ਵਿਰਾਸਤੀ ਸਨਅਤੀ ਕਲੱਸਟਰਾਂ ਦੇ ਸੁਰਜੀਤੀ ਲਈ ਇੱਕ ਨਵੀਂ ਯੋਜਨਾ ਸ਼ੁਰੂ ਕਰਨ ਦੀ ਤਜਵੀਜ਼ ਏ. ਓਹਨਾਂ ਇਹ ਵੀ ਕਿਹਾ ਕਿ ਜਨਤਕ ਪੂੰਜੀ ਖਰਚ ਵਿੱਚ ਕਾਫ਼ੀ ਵਾਧਾ ਹੋਇਆ ਏ ਤੇ ਇਹ, 2014-15 ਵਿੱਚ 2 ਲੱਖ ਕਰੋੜ ਤੋਂ ਰੁਪਏ ਪਿਛਲੇ ਮਾਲੀ ਸਾਲ ਤੱਕ 11 ਲੱਖ ਕਰੋੜ ਰੁਪਏ ਤੋਂ ਵੱਧ ਹੋ ਗਿਆ ਏ। ਇਸ ਗਤੀ ਨੂੰ ਬਣਾਈ ਰੱਖਦੇ ਹੋਏ, ਖਜ਼ਾਨਾ ਮੰਤਰੀ ਨੇ ਬਜਟ 2026-27 ਵਿੱਚ ਇਸ ਵੰਡ ਨੂੰ ਵਧਾ ਕੇ 12 ਲੱਖ 20 ਹਜ਼ਾਰ ਕਰੋੜ ਰੁਪਏ ਕਰਨ ਦੀ ਤਜਵੀਜ਼ ਰਖੀ. ਮੰਤਰੀ ਨੇ ਕਿਹਾ ਕਿ ਸਰਕਾਰ ਨੇ ਆਰਟੀਫੀਸ਼ੀਅਲ ਇੰਟੈਲੀਜੈਂਸ ਮਿਸ਼ਨ, ਨੈਸ਼ਨਲ ਕੁਆਂਟਮ ਮਿਸ਼ਨ, ਨੈਸ਼ਨਲ ਰਿਸਰਚ ਫੰਡ, ਅਤੇ ਰਿਸਰਚ, ਡਿਵੈਲਪਮੈਂਟ ਅਤੇ ਇਨੋਵੇਸ਼ਨ ਫੰਡ ਰਾਹੀਂ ਨਵੀਆਂ ਤਕਨਾਲੋਜੀਆਂ ਲਈ ਕਈ ਕਦਮ ਚੁੱਕੇ ਨੇ. ਇਹ ਕਿਸਾਨਾਂ, ਔਰਤਾਂ, ਨੌਜਵਾਨਾਂ ਅਤੇ ਦਿਵਿਆਂਗ ਵਿਅਕਤੀਆਂ ਦੇ ਲਾਭ ਲਈ ਵਿਸ਼ੇਸ਼ ਮੌਕੇ ਪ੍ਰਦਾਨ ਕਰੇਗਾ। ਖਜ਼ਾਨਾ ਮੰਤਰੀ ਨੇ ਕਿਹਾ ਕਿ ਇੱਕ ਦਹਾਕੇ ਦੇ ਸੁਧਾਰ ਯਤਨਾਂ ਨੇ ਕਰੀਬ 25 ਕਰੋੜ ਲੋਕਾਂ ਨੂੰ ਗਰੀਬੀ ਦੇ ਵੱਖ-ਵੱਖ ਪੱਧਰਾਂ ਤੋਂ

ਬਾਹਰ ਕੱਢਿਆ ਏ । ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਵੱਖ-ਵੱਖ ਉਪਾਵਾਂ ਰਾਹੀਂ ਨੌਜਵਾਨ ਭਾਰਤ ਦੀਆਂ ਇੱਛਾਵਾਂ ਨੂੰ ਪੂਰਾ ਕਰਨ ਲਈ ਸੇਵਾਵਾਂ ਖੇਤਰ 'ਤੇ ਧਿਆਨ ਕੇਂਦਰਿਤ ਕਰਨ ਦਾ ਫੈਸਲਾ ਕੀਤਾ ਏ । ਸਿਹਤ ਖੇਤਰ ਵਿੱਚ, ਮੌਜੂਦਾ ਸੰਸਥਾਵਾਂ ਨੂੰ ਅਪਗ੍ਰੇਡ ਕਰਨ ਅਤੇ ਨਿੱਜੀ ਅਤੇ ਜਨਤਕ ਖੇਤਰਾਂ ਵਿੱਚ ਨਵੇਂ ਸਿਹਤ ਸੰਭਾਲ ਪੇਸ਼ੇਵਰ ਸੰਸਥਾਨ ਸਥਾਪਤ ਕਰਨ ਦੀ ਤਜਵੀਜ਼ ਏ. ਅਗਲੇ ਪੰਜ ਸਾਲਾਂ ਵਿੱਚ ਇੱਕ ਲੱਖ ਸਿਹਤ ਸੰਭਾਲ ਪੇਸ਼ੇਵਰਾਂ ਨੂੰ ਸਿਖਲਾਈ ਦਿੱਤੀ ਜਾਵੇਗੀ। ਬਜ਼ੁਰਗਾਂ ਦੇ ਇਲਾਜ ਅਤੇ ਦੇਖਭਾਲ ਲਈ ਇੱਕ ਹੁਨਰਮੰਦ ਸਿਹਤ ਸੰਭਾਲ ਈਕੋਸਿਸਟਮ ਬਣਾਇਆ ਜਾਵੇਗਾ। ਪਸ਼ੂ ਧਨ ਰਾਹੀਂ ਖੇਤੀਬਾੜੀ ਆਮਦਨ ਵਧਾਉਣ ਲਈ, ਖਜ਼ਾਨਾ ਮੰਤਰੀ ਨੇ ਇੱਕ ਕ੍ਰੈਡਿਟ-ਲਿੰਕਡ ਪੂੰਜੀ ਸਬਸਿਡੀ ਸਹਾਇਤਾ ਯੋਜਨਾ ਸ਼ੁਰੂ ਕਰਨ ਦੀ ਤਜਵੀਜ਼ ਰਖੀ. ਕਿਸਾਨਾਂ ਦੀ ਆਮਦਨ ਵਧਾਉਣ ਲਈ, ਮੱਛੀ ਪਾਲਣ ਖੇਤਰ ਵਿੱਚ 500 ਜਲ ਭੰਡਾਰਾਂ ਅਤੇ ਅੰਮ੍ਰਿਤ ਸਰੋਵਰਾਂ ਦਾ ਏਕੀਕ੍ਰਿਤ ਵਿਕਾਸ ਸ਼ੁਰੂ ਕਰਨ ਅਤੇ ਸਟਾਰਟ-ਅੱਪ ਅਤੇ ਮੱਛੀ ਪਾਲਣ ਕਿਸਾਨ ਉਤਪਾਦਕ ਸੰਗਠਨਾਂ ਸਮੇਤ ਔਰਤਾਂ ਦੀ ਅਗਵਾਈ ਵਾਲੇ ਸਮੂਹਾਂ ਨੂੰ ਬਾਜ਼ਾਰਾਂ ਨਾਲ ਜੋੜਨ ਦੀ

ਤਜਵੀਜ਼ ਏ ਲਖਪਤੀ ਦੀਦੀ ਪ੍ਰੋਗਰਾਮ ਦੀ ਵੱਡੀ ਸਫਲਤਾ ਦੇ ਆਧਾਰ 'ਤੇ, ਖਜ਼ਾਨਾ ਮੰਤਰੀ ਨੇ ਕ੍ਰੈਡਿਟ-ਅਧਾਰਤ ਉਪਜੀਵਿਕਾ ਰਾਹੀਂ ਔਰਤਾਂ ਨੂੰ ਉੱਦਮ ਮਾਲਕਾਂ ਵਿੱਚ ਬਦਲਣ ਲਈ ਅਗਲਾ ਕਦਮ ਚੁੱਕਣ ਦੀ ਤਜਵੀਜ਼ ਰਖੀ. ਇਸ ਨੂੰ ਪ੍ਰਾਪਤ ਕਰਨ ਲਈ, ਸਵੈ-ਸਹਾਇਤਾ ਉੱਦਮ (ਸ਼ੀ ਮਾਰਟਸ) ਨੂੰ ਭਾਈਚਾਰਕ-ਮਾਲਕੀਅਤ ਵਾਲੇ ਪ੍ਰਚੂਨ ਆਉਟਲੈਟਾਂ ਵਜੋਂ ਸਥਾਪਿਤ ਕੀਤਾ ਜਾਵੇਗਾ-

BYTE

ਮੰਤਰੀ ਨੇ ਇੱਕ ਬਹੁ-ਭਾਸ਼ਾਈ ਏਆਈ ਟੂਲ, ਭਾਰਤ ਵਿਸਤਾਰ ਸ਼ੁਰੂ ਕਰਨ ਦੀ ਤਜਵੀਜ਼ ਰਖੀ. ਇਸ ਨਾਲ ਕਿਸਾਨਾਂ ਦੀ ਖੇਤੀਬਾੜੀ ਉਤਪਾਦਕਤਾ ਅਤੇ ਫੈਸਲਾ ਲੈਣ ਦੀ ਸਮਰੱਥਾ ਵਧੇਗੀ।

-----------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਬਜਟ 2026-2027 ਨੂੰ ਇਤਿਹਾਸਕ ਦੱਸਿਆ ਏ। ਸ਼੍ਰੀ ਮੋਦੀ ਨੇ ਕਿਹਾ ।

BYTE

------------------------------------------------------------

ਵੱਖ ਵੱਖ ਵਰਗਾਂ ਨੇ ਬਜਟ ਨੂੰ ਉਸਾਰੂ ਦੱਸਦਿਆਂ ਇਸ ਦਾ ਸੁਆਗਤ ਕੀਤਾ । ਮੋਹਾਲੀ ਅਤੇ ਪਠਾਨਕੋਟ ਵਾਸੀਆਂ ਨੇ ਵੀ ਬਜਟ ਦੀ ਸ਼ਲਾਘਾ ਕੀਤੀ ਏ

BYTE

------------------------------------------------------------

ਪਾਕਿਸਤਾਨ ਵੱਲੋਂ ਅੰਮ੍ਰਿਤਸਰ ਵਿੱਚ, ਅਟਾਰੀ-ਵਾਹਗਾ ਸਾਂਝੀ ਚੈੱਕ ਪੋਸਟ ਰਾਹੀਂ, 7 ਭਾਰਤੀਆਂ ਨੂੰ ਵਾਪਸ ਭੇਜਿਆ ਗਿਆ ਏ। ਪਾਕਿਸਤਾਨ ਰੇਂਜਰਾਂ ਨੇ ਕੱਲ੍ਹ ਇਨ੍ਹਾਂ ਨਾਗਰਿਕਾਂ ਨੂੰ BSF ਦੇ ਹਵਾਲੇ ਕਰ ਦਿੱਤਾ। ਇਹ ਉਨ੍ਹਾਂ ਪਰਿਵਾਰਾਂ ਲਈ ਇੱਕ ਭਾਵਨਾਤਮਕ ਪਲ ਸੀ, ਜੋ ਪਿਛਲੇ 2 ਸਾਲਾਂ ਤੋਂ ਆਪਣੇ ਪਰਿਵਾਰਿਕ ਮੈਂਬਰਾਂ ਦੀ ਵਾਪਸੀ ਦੀ ਉਡੀਕ ਕਰ ਰਹੇ ਸਨ। ਅਟਾਰੀ ਦੇ ਪ੍ਰੋਟੋਕੋਲ ਅਧਿਕਾਰੀ ਅਰੁਣ ਮਾਹਲ ਮੁਤਾਬਕ, ਇਹ ਸਾਰੇ 2023 'ਚ ਪੰਜਾਬ 'ਚ ਆਏ ਹੜ੍ਹਾਂ ਦੌਰਾਨ ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਆਪਣੇ ਰਿਸ਼ਤੇਦਾਰਾਂ ਦੀ ਮਦਦ ਕਰਦੇ ਹੋਏ ਅਣਜਾਣੇ ਵਿੱਚ, ਰੁੜ ਕੇ ਪਾਕਿਸਤਾਨ ਪਹੁੰਚ ਗਏ ਸਨ। ਇਨ੍ਹਾਂ ਵਿੱਚੋਂ 4 ਫਿਰੋਜ਼ਪੁਰ

ਜ਼ਿਲ੍ਹੇ ਤੋਂ, ਇੱਕ-ਇੱਕ ਜਲੰਧਰ ਅਤੇ ਲੁਧਿਆਣਾ ਤੋਂ ਅਤੇ ਇੱਕ ਉੱਤਰ ਪ੍ਰਦੇਸ਼ ਤੋਂ ਏ।

-----------------------------------------------------

ਔਰਤਾਂ ਦੇ ਪ੍ਰੀਮੀਅਰ ਲੀਗ ਕ੍ਰਿਕੇਟ ਵਿੱਚ, ਅੱਜ ਵਡੋਦਰਾ ਵਿੱਚ ਸ਼ਾਮੀਂ ਸਾਢੇ 7 ਵਜੇ ਦਿੱਲੀ ਕੈਪੀਟਲਜ਼ ਦਾ ਮੁਕਾਬਲਾ ਯੂ.ਪੀ ਵਾਰੀਅਰਜ਼ ਨਾਲ ਹੋਵੇਗਾ।

---

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅੱਜ ਜਲੰਧਰ 'ਚ ਸੰਤ ਗੁਰੂ ਰਵਿਦਾਸ ਦੇ ਪ੍ਰਕਾਸ਼ ਪੁਰਬ ਸਮਾਰੋਹ 'ਚ ਸ਼ਿਰਕਤ ਕੀਤੀ - ਉਨ੍ਹਾਂ ਆਦਮਪੁਰ ਹਵਾਈ ਅੱਡੇ ਦਾ ਨਵਾਂ ਨਾਂ, ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਆਦਮਪੁਰ ਹਵਾਈ ਅੱਡਾ ਰੱਖਿਆ - ਲੁਧਿਆਣਾ ਵਿੱਚ, ਹਲਵਾਰਾ ਹਵਾਈ ਅੱਡੇ ਦੀ ਟਰਮੀਨਲ ਇਮਾਰਤ ਦਾ ਵੀ ਕੀਤਾ ਉਦਘਾਟਨ ।

- ਪੰਜਾਬ ਸਮੇਤ ਦੇਸ਼ ਭਰ ਵਿੱਚ ਭਗਤ ਰਵਿਦਾਸ ਜੀ ਦਾ ਜਨਮ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਏ ।

- ਖਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਨੇ ਅੱਜ ਲੋਕ ਸਭਾ ਵਿੱਚ ਕੇਂਦਰੀ ਬਜਟ 2026-27 ਪੇਸ਼ ਕੀਤਾ -ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਂਦਰੀ ਬਜਟ 2026-2027 ਨੂੰ ਇਤਿਹਾਸਕ ਦੱਸਿਆ।

- ਵੱਖ ਵੱਖ ਵਰਗਾਂ ਨੇ ਬਜਟ ਨੂੰ ਉਸਾਰੂ ਦੱਸਦਿਆਂ ਇਸ ਦਾ ਸੁਆਗਤ ਕੀਤਾ ।

- ਔਰਤਾਂ ਦੇ ਪ੍ਰੀਮੀਅਰ ਲੀਗ ਕ੍ਰਿਕੇਟ ਵਿੱਚ, ਅੱਜ ਵਡੋਦਰਾ ਵਿੱਚ ਸ਼ਾਮੀਂ ਸਾਢੇ 7 ਵਜੇ ਦਿੱਲੀ ਕੈਪੀਟਲਜ਼ ਦਾ ਮੁਕਾਬਲਾ ਯੂ.ਪੀ ਵਾਰੀਅਰਜ਼ ਨਾਲ ਹੋਵੇਗਾ।

---

ਇਸਦੇ ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ

ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7

ਵੱਜਕੇ 30 ਮਿੰਟ 'ਤੇ ਨਮਸਕਾਰ !